IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)

An International Open Access, Peer-reviewed, Refereed Journal

# ਨਾਨਕ ਸਿੰਘ ਦੇ ਨਾਵਲ 'ਪਵਿੱਤਰ ਪਾਪੀ' ਵਿੱਚ ਨਿਮਨ ਮੱਧਵਰਗ ਦਾ ਸਮਾਜਿਕ ਯਥਾਰਥ: ਇੱਕ ਵਿਸ਼ਲਸ਼ਣਾਤਮਕ ਅਧਿਐਨ

ਜੋਤੀ ਗੈਣਾ ਚੌਧਰੀ ਦੇਵੀਲਾਲ ਯੂਨੀਵਰਸਿਟੀ,ਸਿਰਸਾ

Abstract : ਨਾਨਕ ਸਿੰਘ ਦਾ ਨਾਵਲ 'ਪਵਿੱਤਰ ਪਾਪੀ' ਪੰਜਾਬੀ ਸਾਹਿਤ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ। ਇਹ ਇੱਕ ਸਮਾਜਿਕ ਨਾਵਲ ਹੈ, ਜਿਸ ਵਿਚ ਉਨ੍ਹਾਂ ਨੇ ਨਿਮਨ ਮੱਧਵਰਗੀ ਜੀਵਨ ਦੇ ਬਹੁਪੱਖੀ ਸਰੂਪ ਨੂੰ ਯਥਾਰਥਵਾਦੀ ਢੰਗ ਨਾਲ ਪੇਸ਼ ਕੀਤਾ ਹੈ। ਇਸ ਨਾਵਲ ਵਿਚ ਲੇਖਕ ਨੇ ਆਰਥਿਕ, ਸਮਾਜਿਕ ਅਤੇ ਨੈਤਿਕ ਸਮੱਸਿਆਵਾਂ ਨੂੰ ਉਜਾਗਰ ਕੀਤਾ ਹੈ। ਨਾਨਕ ਸਿੰਘ ਦੂਜੇ ਦੌਰ ਦਾ ਮੁੱਖ ਨਾਵਲਕਾਰ ਹੈ। ਉਨ੍ਹਾਂ ਨੇ ਪੰਜਾਬੀ ਨਾਵਲ ਸਾਹਿਤ ਵਿੱਚ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਬਹੁਤ ਵੱਡੀ ਦੇਣ ਪੰਜਾਬੀ ਸਾਹਿਤ ਨੂੰ ਦਿੱਤੀ ਹੈ। ਇਸੇ ਕਰਕੇ ਉਨ੍ਹਾਂ ਨੂੰ ਪੰਜਾਬ ਅਤੇ ਪੰਜਾਬੀ ਸਾਹਿਤ ਤੋਂ ਬਾਹਰ ਵੀ ਇੱਕ ਪ੍ਰਸਿੱਧ ਨਾਵਲਕਾਰ ਦੇ ਤੌਰ ਤੇ ਜਾਣਿਆ ਜਾਂਦਾ ਹੈ। ਨਾਨਕ ਸਿੰਘ ਨੇ ਨਾਵਲਕਾਰੀ ਦੇ ਘੇਰੇ ਨੂੰ ਹੋਰ ਵੀ ਵਿਸ਼ਾਲ ਕੀਤਾ ਹੈ। ਉਨ੍ਹਾਂ ਦੇ ਨਾਵਲਾਂ ਵਿੱਚ ਹੀ ਪਿਆਰ ਦੀ ਗੱਲ ਸੱਭ ਤੋਂ ਪਹਿਲਾ ਕੀਤੀ ਗਈ ਹੈ। ਉਨ੍ਹਾਂ ਨੇ ਆਪਦੇ ਨਾਵਲਾਂ ਵਿੱਚ ਹੋਰ ਧਰਮਾਂ ਦੇ ਪਾਤਰਾਂ ਦਾ ਪ੍ਰਵੇਸ਼ ਕਰਵਾਉਣ ਵਿੱਚ ਪਹਿਲ ਕੀਤੀ। ਇਸੇ ਕਰਕੇ ਉਨ੍ਹਾਂ ਦੇ ਨਾਵਲ ਕਿਸੇ ਇਕ ਧਰਮ ਦੇ ਘੇਰੇ ਵਿੱਚ ਸੀਮਤ ਨਾ ਰਹਿ ਕੇ ਹੋਰ ਧਰਮਾਂ ਦੇ ਪਾਠਕਾਂ ਦੀ ਨਜ਼ਰਾਂ ਵਿੱਚ ਵੀ ਆਪਦੀ ਇਕ ਖ਼ਾਸ ਮੱਹਤਤਾ ਰਖਦੇ ਹਨ। ਇਹ ਵੀ ਇੱਕ ਮੁੱਖ ਕਾਰਣ ਹੈ ਕਿ ਉਨ੍ਹਾਂ ਦੇ ਨਾਵਲਾਂ ਨੂੰ ਹੋਰ ਧਰਮਾਂ ਦੇ ਪਾਠਕਾਂ ਵਲੋਂ ਬੜੀ ਹੀ ਰੋਚੱਕਤਾ ਨਾਲ ਪੜ੍ਹੇ ਜਾਂਦੇ ਹਨ।

ਨਾਨਕ ਸਿੰਘ ਦੇ ਨਾਵਲ 'ਪਵਿੱਤਰ ਪਾਪੀ' ਵਿੱਚ ਲੇਖ਼ਕ ਨੇ ਗ੍ਰਹਿਸਤ ਜੀਵਨ ਵਿੱਚ ਆਉਣ ਵਾਲਿਆਂ ਆਰਥਿੱਕ ਸਮੱਸਿਆਵਾਂ ਨੂੰ ਮੁੱਖ ਰੂਪ ਵਿੱਚ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਨਾਵਲ ਵਿੱਚ ਮਨੁੱਖ ਦੀ ਵਿਗੜੀ ਹੋਈ ਮਾਨਸਿਕ ਸਥਿੱਤੀ, ਬੇਰੁਜ਼ਗਾਰੀ, ਸਮਾਜਿਕ ਪਰੰਪਰਾਵਾਂ ਅਤੇ ਸਮਾਜਿਕ ਰੂੜੀਆਂ ਵਰਗੇ ਹੋਰ ਵੀ ਸਮਾਜ ਸੁਧਾਰਕ ਵਿਸ਼ੇ ਉਜਾਗਰ ਕੀਤੇ ਹਨ।

Keywords : ਨਾਨਕ ਸਿੰਘ, ਬੇਰੁਜ਼ਗਾਰੀ, ਪਵਿੱਤਰ ਪਾਪੀ, ਸਮਾਜਿਕ ਯਥਾਰਥ, ਮਨੋਵਿਗਿਆਨਕ ਵਿਸ਼ਲੇਸ਼ਣ।

Introduction : ਨਾਨਕ ਸਿੰਘ ਦਾ ਜਨਮ 4 ਜੁਲਾਈ 1897 ਵਿੱਚ ਹੋਇਆ। ਨਾਨਕ ਸਿੰਘ ਨੇ ਅਜਿਹਾ ਨਾਵਲ (ਪਵਿੱਤਰ ਪਾਪੀ) ਸਾਹਿਤ ਦੀ ਝੋਲੀ ਵਿੱਚ ਪਾਇਆ ਹੈ ਕਿ ਜਿਸ ਤੇ ਹਿੰਦੀ ਫ਼ਿਲਮ ਵੀ ਬਣੀ ਹੋਈ ਹੈ। ਨਾਨਕ ਸਿੰਘ ਦੇ ਨਾਵਲਾਂ ਦੇ ਮੁੱਖ ਵਿਸ਼ੇ ਸਮਾਜ ਸੁਧਾਰਕ ਹੀ ਹੁੰਦੇ ਹਨ। ਜਿਸ ਵਿੱਚ ਅਸੀਂ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਪ੍ਰੇਮ-ਸੰਬੰਧ, ਦਾਜ਼ ਪ੍ਰਥਾ, ਇਸਤਰੀ ਸੰਘਰਸ਼, ਨਸ਼ਿਆ ਦੀ ਆਦਤ ਅਤੇ ਮੁਕੱਦਮੇਬਾਜੀ ਆਦਿ ਨੂੰ ਮੁੱਖ ਰੂਪ ਵਿੱਚ ਵਿਚਾਰ ਸਕਦੇ ਹਾਂ। ਗਿਣਾਤਮਕ ਪੱਖ ਤੋਂ ਨਾਨਕ ਸਿੰਘ ਨੇ ਸੱਭ ਤੋਂ ਵੱਧ ਨਾਵਲਾਂ ਦੀ ਰਚਨਾ ਕੀਤੀ ਹੈ। ਨਾਨਕ ਸਿੰਘ ਸਮਾਜਵਾਦੀ ਅਤੇ ਮਾਨਵਵਾਦੀ ਵਿਚਾਰਧਾਰਾ ਦਾ ਹਾਮੀ ਸੀ। ਉਸ ਦੇ ਨਾਵਲਾਂ ਵਿੱਚ ਵੀ ਅਸੀਂ ਮਨੁੱਖਤਾਵਾਦੀ ਦ੍ਰਿਸ਼ਟੀਕੋਣ ਨੂੰ ਮੁੱਖ ਰੂਪ ਵਿੱਚ ਦੇਖ ਸੱਕਦੇ ਹਾਂ। ਨਾਨਕ ਸਿੰਘ ਦੇ ਨਾਵਲਾਂ ਦੀ ਭਾਸ਼ਾ ਸ਼ੈਲੀ ਸਰਲ ਸਹਿਜ ਅਤੇ ਯਥਾਰਥਵਾਦੀ ਜਾਪਦੀ ਹੈ। ਉਨ੍ਹਾਂ ਨੇ ਆਪਦੇ ਨਾਵਲਾਂ ਵਿਚ ਪਾਤਰਾਂ ਦੇ ਵਾਰਤਾਲਾਪ ਨਾਲ ਨਾਵਲ ਨੂੰ ਜੀਵੰਤ ਰੂਪ ਦਿੱਤਾ ਹੈ। ਇਸ ਨਾਲ ਨਾਵਲ ਹੋਰ ਵੀ ਕੁਦਰਤੀ ਜਾਪਦਾ ਹੈ। ਉਨ੍ਹਾਂ ਦੇ ਨਾਵਲਾਂ ਵਿੱਚ ਸੁਧਾਰਵਾਦੀ ਦ੍ਰਿਸ਼ਟੀ ਅਤੇ ਮਨੁੱਖੀ ਮੁੱਲਾਂ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਦੇਖਣ ਨੂੰ ਮਿਲਦੀ ਹੈ। ਰੌਚਕਤਾ ਅਤੇ ਉੱਤਸੁਕਤਾ ਉਨ੍ਹਾਂ ਦੇ ਨਾਵਲਾਂ ਦੇ ਮੁੱਖ ਗੁਣ ਮੰਨੇ ਜਾ ਸੱਕਦੇ ਹਨ।

ਵਰਤਮਾਨ ਸਮਾਜ ਵਿੱਚ ਨਿਮਨ ਮੱਧਵਰਗ ਸਮਾਜ ਦਾ ਇਕ ਮੁੱਖ ਹਿੱਸਾ ਹੈ। ਨਾਨਕ ਸਿੰਘ ਦੇ ਨਾਵਲ 'ਪਵਿੱਤਰ ਪਾਪੀ' ਵਿੱਚ ਨਿਮਨ ਮੱਧਵਰਗ ਦਾ ਸਮਾਜਿਕ ਜੀਵਨ ਇਸ ਖੋਜ਼ ਪੱਤਰ ਦਾ ਮੁੱਖ ਵਿਸ਼ਾ ਹੈ, ਜੋ ਕਿ ਅਜੋਕੇ ਜੁੱਗ ਵਿੱਚ ਵੀ ਆਰਥਿਕ ਅਤੇ ਨੈਤਿਕ ਚੁਣੌਤੀਆਂ ਨਾਲ ਘਿਰਿਆ ਹੋਇਆ ਹੈ।

'ਪਵਿੱਤਰ ਪਾਪੀ' ਨਾਨਕ ਸਿੰਘ ਦਾ ਇੱਕ ਪ੍ਰਸਿੱਧ ਨਾਵਲ ਹੈ। ਜਿਸ ਵਿੱਚ ਨਿਮਨ ਮੱਧਵਰਗੀ ਪਰਿਵਾਰ ਵਿੱਚ ਆਉਣ ਵਾਲੀਆਂ ਆਰਥਿਕ, ਸਮਾਜਿਕ ਸਮੱਸਿਆਵਾਂ ਅਤੇ ਮਨੁੱਖੀ ਮੁੱਲਾਂ ਦਾ ਯਥਾਰਥ ਚਿੱਤਰਣ ਪੇਸ਼ ਕੀਤਾ ਗਿਆ ਹੈ। ਨਾਵਲ ਦਾ ਮੁੱਖ ਪਾਤਰ ਪੰਨਾ ਲਾਲ ਜੋ ਕਿ ਸੰਵੇਦਨਸ਼ੀਲ ਅਤੇ ਸਵੈ-ਸਨਮਾਨ ਵਾਲਾ ਵਿਅਕਤੀ

ਹੈ, ਜੋ ਪਿੰਡ ਦੇ ਇੱਕ ਮਾਮੂਲੀ ਜਿਹੇ ਮਕਾਨ ਵਿੱਚ ਰਹਿੰਦਾ ਹੈ। ਉਸ ਦੀ ਪਤਨੀ ਮਾਇਆ ਅਤੇ ਉਨ੍ਹਾਂ ਦੇ ਚਾਰ ਬੱਚੇ ਹਨ। ਦੋ ਕੁੜੀਆਂ (ਵੀਣਾ, ਵਿਦਿਆ) ਅਤੇ ਦੋ ਮੁੰਡੇ (ਬਸੰਤ, ਇੰਦਰਪਾਲ)। ਪੰਨਾ ਲਾਲ ਦੇ ਕਾਰੋਬਾਰ ਵਿੱਚ ਘਾਟਾ ਪੈਣ ਕਰਕੇ ਉਨ੍ਹਾਂ ਦੀ ਆਰਥਿਕ ਹਾਲਤ ਵਿਗੜ ਜਾਂਦੀ ਹੈ, ਤੇ ਪੰਨਾ ਲਾਲ ਦੇ ਸਿਰ ਕਰਜ਼ਾ ਚੜ੍ਹ ਜਾਂਦਾ ਹੈ। ਦੂਜੇ ਪਾਸੇ ਵੀਣਾ ਦੇ ਵਿਆਹ ਦੀ ਸਮੱਸਿਆ ਵੀ ਉਸ ਨੂੰ ਘੇਰ ਲੈਂਦੀ ਹੈ।

ਉਹ ਸਰਦਾਰ ਅਤਰ ਸਿੰਘ ਦੀ ਦੁਕਾਨ ਤੇ ਨੌਕਰੀ ਕਰਦਾ ਸੀ, ਦੁਕਾਨ ਤੇ ਪਹੁੰਚ ਕੇ ਉਸ ਨੂੰ ਪਤਾ ਲੱਗਦਾ ਹੈ ਕਿ ਹੁਣ ਉਸ ਕੋਲੋ ਨੌਕਰੀ ਵੀ ਖੋਹ ਲਈ ਗਈ। ਇਨ੍ਹਾਂ ਸਭ ਕਾਰਣਾ ਕਰਕੇ ਉਹ ਘਰ ਛੱਡ ਕੇ ਨਿਕਲ ਜਾਂਦਾ ਹੈ। ਇਸ ਦਾ ਦੋਸ਼ੀ ਉਹ ਕਿਦਾਰ ਨੂੰ ਮੰਨਦਾ ਹੈ। ਜੋ ਓਸ ਦੀ ਜਗ੍ਹਾ ਨੌਕਰੀ ਤੇ ਰਖਿਆ ਗਿਆ ਸੀ। ਕਿਦਾਰ ਵੀ ਇਕ ਸੰਵੇਦਨਸ਼ੀਲ ਨੌਜਵਾਨ ਸੀ। ਉਹ ਆਪਦੇ ਆਪ ਨੂੰ ਪੰਨਾ ਲਾਲ ਅਤੇ ਉਸ ਦੇ ਪਰਿਵਾਰ ਦਾ ਕਸੂਰਵਾਰ ਮੰਨਦਾ ਹੈ, ਜਿਸ ਕਰਕੇ ਉਹ ਪੰਨਾ ਲਾਲ ਦੇ ਪੂਰੇ ਪਰਿਵਾਰ ਦੀ ਜਿੰਮੇਵਾਰੀ ਆਪਦੇ ਸਿਰ ਲੇ ਕੇ ਪਾਪ ਤੋਂ ਮੁੱਕਤ ਹੋਣ ਦਾ ਰਾਹ ਲੱਭਦਾ ਹੈ।

ਨਾਵਲ ਵਿੱਚ ਲੇਖ਼ਕ ਨੇ ਇਹ ਦਰਸਾਉਣ ਦਾ ਜਤਨ ਕੀਤਾ ਹੈ ਕਿ ਕਈ ਵਾਰੀ ਮਨੁੱਖ ਅਜਿਹੀ ਸਥਿੱਤੀ ਵਿੱਚ ਫੱਸ਼ ਜਾਂਦਾ ਹੈ ਕਿ ਉਹ ਪਾਪੀ ਨਾ ਹੁੰਦੇ ਹੋਏ ਵੀ ਸਮਾਜਿਕ ਦਬਾਅ ਕਾਰਣ ਆਪਦੇ ਆਪ ਨੂੰ ਪਾਪੀ ਮੰਨ ਬੈਠਦਾ ਹੈ ਭਾਵੇਂ ਉਸ ਦਾ ਮਨ ਪਵਿੱਤਰ ਅਤੇ ਮਨੁੱਖਤਾ ਨਾਲ ਭਰਿਆ ਹੋਇਆ ਹੀ ਕਿਉ ਨਾ ਹੋਵੇਂ। ਇਸ ਨਾਵਲ ਵਿੱਚ ਪਰਿਵਾਰਿਕ ਜੀਵਨ ਅਤੇ ਸੰਘਰਸ਼ ਦੇ ਵਿਸ਼ੇ ਉੱਭਰ ਕੇ ਸਾਡੇ ਸਾਹਮਣੇ ਪੇਸ਼ ਹੁੰਦੇ ਹਨ। ਆਰਥਿਕ ਸਥਿੱਤੀ ਖ਼ਰਾਬ ਹੋਣ ਕਾਰਨ ਪੰਨਾ ਲਾਲ ਅਤੇ ਉਸਦੇ ਪੂਰੇ ਪਰਿਵਾਰ ਨੂੰ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੈਸੇ ਲਈ ਪੰਨਾ ਲਾਲ ਨੂੰ ਸਰਦਾਰ ਅਤਰ ਸਿੰਘ ਦੀਆਂ ਕੌੜੀਆਂ-ਕੌੜੀਆਂ ਗੱਲਾਂ ਵੀ ਸੁਣਨੀਆਂ ਪੈਂਦੀਆਂ ਹਨ। ਇਸ ਤੋਂ ਪੰਨਾ ਲਾਲ ਦੀ ਲਾਚਾਰੀ ਜਾਂ ਬੇਬੱਸੀ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸੱਕਦਾ ਹੈ।

ਨਾਨਕ ਸਿੰਘ ਦਾ ਸਮਾਜਿਕ ਦ੍ਰਿਸ਼ਟੀਕੋਣ – ਨਾਨਕ ਸਿੰਘ ਨੇ ਆਪਦੇ ਨਾਵਲਾਂ ਵਿੱਚ ਸਮਾਜ ਸੁਧਾਰ ਵਰਗੇ ਵਿਸ਼ਿਆ ਨੂੰ ਕੇਂਦਰੀ ਸਥਾਨ ਦਿੱਤਾ ਹੈ। 'ਪਵਿੱਤਰ ਪਾਪੀ' ਨਾਵਲ ਵਿੱਚ ਵੀ ਲੇਖ਼ਕ ਦਾ ਦ੍ਰਿਸ਼ੀਕੋਣ ਸਮਾਜ ਉੱਪਰ ਹੀ ਕੇਂਦਰਿਤ ਹੈ। ਸਮਾਜਿਕ ਦ੍ਰਿਸ਼ਟੀ ਕਾਰਨ ਹੀ ਕਿਦਾਰ ਨੂੰ ਸਮਾਜ ਦੀਆਂ ਨਜ਼ਰਾਂ ਵਿੱਚ ਪਾਪੀ ਦਿਖਾਈਆ ਗਿਆ ਹੈ, ਜਦ ਕਿ ਉਸ ਨੇ ਕੁੱਝ ਵੀ ਗਲਤ ਨਹੀਂ ਕੀਤਾ। ਕਿਦਾਰ ਮੰਨਦਾ ਹੈ ਕਿ ਜੇਕਰ ਸਮਾਜ ਵਿੱਚ ਇਸ ਗੱਲ ਦਾ ਪਤਾ ਲੱਗੇ ਕਿ ਜਿਹੜੀ ਕੁੜੀ ਨੂੰ ਉਹ ਧਰਮ ਦੀ ਭੈਣ ਮੰਨਦਾ ਹੈ, ਤੇ ਉਹ ਕਿਦਾਰ ਨੂੰ ਭਰਾ ਜੀ ਕਹਿ ਕੇ ਬੁਲਾਉਂਦੀ ਹੈ ਪਰ ਉਹ ਉਸ ਨੂੰ ਪ੍ਰੇਮਿਕਾ ਦੀ ਨਜ਼ਰ ਨਾਲ ਦੇਖਦਾ ਹੈ, ਤਾਂ ਸਮਾਜ ਦੀਆ ਨਜ਼ਰਾ ਵਿੱਚ ਉਸ ਤੋਂ ਵੱਡਾ ਪਾਪੀ ਕੋਈ ਨਹੀਂ ਹੋ ਸੱਕਦਾ।

ਕਿਦਾਰ– "ਕੀ ਵੀਣਾ ਮੈਨੂੰ ਮੁਆਫ਼ ਕਰ ਦੇਵੇਗੀ ਜੇ ਉਸ ਨੂੰ ਮੇਰੇ ਅਸਲ ਇਰਾਦੇ ਦਾ ਪਤਾ ਲੱਗੇ? ਇਹੋ ਪ੍ਰਸ਼ਨ ਵਾਰ-ਵਾਰ ਉਸ ਦੇ ਅੰਦਰ ਉਠ ਰਿਹਾ ਸੀ।"

ਉਹ ਇਸ ਵੇਲ਼ੇ ਆਪਣੇ ਆਪ ਨੂੰ ਪੁਨ ਅਤੇ ਪਾਪ ਦੀ ਸਥਿੱਤੀ ਵਿੱਚ ਫ਼ਸਿਆ ਹੋਇਆ ਮਹਿਸੂਸ ਕਰ ਰਿਹਾ ਸੀ।

ਕਿਦਾਰ- "ਮੰਨਿਆ ਮੈਂ ਪਾਪੀ ਸਹੀ, ਦੁਰਾਚਾਰੀ ਸ਼ਹੀ ਪਰ ਕਿ ਇਸ ਪਾਪੀ ਦੀ ਮੌਤ ਵੇਖ ਕੇ ਤੇਰੇ ਦਿੱਲ ਨੂੰ ਸ਼ਾਂਤੀ ਆ ਸਕੇਗੀ?"

ਸਮਾਜਿਕ ਪਰੰਪਰਾਵਾਂ ਅਤੇ ਰੁੜੀਆਂ – ਨਾਨਕ ਸਿੰਘ ਨੇ ਇਸ ਨਾਵਲ ਵਿੱਚ ਆਪਣੇ ਸਮੇਂ ਦੀਆਂ ਸਮਾਜਿਕ ਪਰੰਪਰਾਵਾਂ ਅਤੇ ਰੂੜੀਆਂ ਦਾ ਵੀ ਯਥਾਰਥ ਚਿੱਤਰਣ ਪੇਸ਼ ਕੀਤਾ ਹੈ। ਨਾਵਲ ਵਿੱਚ ਲੇਖ਼ਕ ਨੇ ਦਾਜ਼ ਪ੍ਰਥਾ ਨੂੰ ਇੱਕ ਮੁੱਖ ਸਮਾਜਿਕ ਕੁਰੀਤੀ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਜਿਸ ਨੂੰ ਅਸੀਂ ਵੀਣਾ ਦੇ ਵਿਆਹ ਦੀ ਵੀ ਇੱਕ ਮੁੱਖ ਰੁਕਾਵਟ ਵਜੋਂ ਦੇਖ਼ ਸੱਕਦੇ ਹਾਂ। ਵੀਣਾ ਇੱਕ ਚੰਗੇ ਘਰ ਮੰਗੀ ਹੋਈ ਸੀ। ਉਸ ਸਮੇਂ ਪੰਨਾ ਲਾਲ ਦੇ ਆਰਥਿਕ ਹਾਲਾਤ ਵੀ ਠੀਕ ਸਨ, ਪਰ ਜਦੋਂ ਪੰਨਾ ਲਾਲ ਦੇ ਘਰ ਦੀ ਆਰਥਿਕ ਸਥਿੱਤੀ ਵਿਗੜੀ ਤਾਂ ਵੀਣਾ ਦੇ ਸਹੁਰੇ ਪਰਿਵਾਰ ਵਲੋਂ ਰਿਸ਼ਤੇ ਨੂੰ ਖਤਮ ਕਰਨ ਦੀ ਗੱਲ੍ਹ ਕੀਤੀ ਗਈ। ਪਰ ਮਾਇਆ ਨੇ ਰਿਸ਼ਤੇ ਨੂੰ ਬਚਾਉਣ ਲਈ ਉਨ੍ਹਾਂ ਦੀ ਗੱਲ੍ਹ ਨੂੰ ਸਮਝੱਦੇ ਹੋਏ ਉਨ੍ਹਾਂ ਨੂੰ ਦਾਜ਼ ਦੇਣ ਦਾ ਭਰੋਸਾ ਦਵਾਇਆ।

ਮਾਇਆ – "ਤੂੰ ਮਾਸਾ ਫ਼ਿਕਰ ਨਾ ਕਰ। ਮੈਂ ਚੋਰ ਨੂੰ ਲੁੱਟਾ, ਸਾਧ ਨੂੰ ਭੰਨਾ, ਤੇਰਾ ਘਰ ਪੂਰਾ ਕਰ ਦਿਆਂਗੀ। ਜੋ ਕੁੱਝ ਕਰਾਂਗੀ ਸੁਹਣਾ ਸੁਥਰਾ ਕਰਕੇ। ਕੀ ਹੋਇਆ ਜੇ ਸਾਡੇ ਤੇ ਗਰੀਬੀ ਆ ਗਈ ਏ, ਸਿਆਣੇ ਕਹਿੰਦੇ ਹੁੰਦੇ ਨੇ ਵੱਡੇ ਘਰਾਂ ਦੀਆਂ ਘਰੋੜੀਆਂ ਨਹੀਂ ਮਾਣ ਹੁੰਦੀਆਂ।"

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਲੇਖਕ ਨੇ ਦਾਜ਼ ਪ੍ਰਥਾ ਵਰਗੇ ਵਿਸ਼ਿਆ ਨੂੰ ਉਭਾਰ ਕੇ ਸਮਾਜ ਸੁਧਾਰ ਦੀ ਗੱਲ ਕੀਤੀ ਹੈ। ਤੇ ਕਿਸ ਤਰ੍ਹਾਂ ਉਸ ਸਮੇਂ ਦੇ ਲੋਕ ਇਸ ਕੁਰੀਤੀ ਨੂੰ ਖ਼ਤਮ ਕਰਨ ਦੀ ਜਗ੍ਹਾ ਇਸ ਨੂੰ ਅਪਣਾ ਰਹੇ ਹਨ। ਅੱਜ ਦੇ ਸਮੇਂ ਵਿੱਚ ਵੀ ਇਹ ਪ੍ਰਥਾ ਸਾਡੇ ਸਮਾਜ ਵਿੱਚੋ ਖ਼ਤਮ ਨਹੀਂ ਹੋਈ ਸਗੋਂ ਇਕ ਵੱਡੀ ਚੁਣੌਤੀ ਦੇ ਰੂਪ ਵਿੱਚ ਸਾਡੇ ਸਾਹਮਣੇ ਆਉਂਦੀ ਹੈ। ਨਾਨਕ ਸਿੰਘ ਨੇ ਦਾਜ਼ ਪ੍ਰਥਾ, ਜਾਤ-ਪਾਤ , ਸਮਾਜਿਕ ਦਬਾਅ, ਰਵਾਇਤੀ ਸੋਚ ਅਤੇ ਸਮਾਜਿਕ ਰੁੜੀਆਂ ਵਰਗੀ ਕੁਰੀਤੀਆਂ ਦੀ ਆਲੋਚਨਾ ਕੀਤੀ ਹੈ।

ਨਾਨਕ ਸਿੰਘ ਦੀ ਮਨੁੱਖਤਾਵਾਦੀ ਦ੍ਰਿਸ਼ਟੀ – ਨਾਨਕ ਸਿੰਘ ਮਨੁੱਖਤਾਵਾਦੀ ਦ੍ਰਿਸ਼ਟੀਕੌਣ ਰੱਖਣ ਵਾਲੇ ਨਾਵਲਕਾਰ ਹਨ। 'ਪਵਿੱਤਰ ਪਾਪੀ' ਨਾਵਲ ਵਿੱਚ ਵੀ ਲੇਖ਼ਕ ਨੇ ਮਨੁੱਖਤਾ ਨੂੰ ਹੀ ਸੱਭ ਤੋਂ ਉੱਚਾ ਮੰਨਿਆ ਹੈ। ਉਹ ਜਾਤ-ਪਾਤ, ਸਮਾਜਿਕ ਭੇਦਭਾਵ, ਧਰਮ ਆਦਿ ਤੋਂ ਮਨੁੱਖਤਾ ਨੂੰ ਉੱਤਮ ਸਮਝੱਦੇ ਹਨ। ਉਨ੍ਹਾਂ ਨੇ ਨਾਵਲ ਦੇ ਪਾਤਰਾਂ ਰਾਹੀਂ ਪ੍ਰੇਮ, ਤਿਆਗ, ਸਹਿਣਸ਼ੀਲਤਾ ਵਰਗੀਆਂ ਮਨੁੱਖੀ ਕਦਰਾਂ ਨੂੰ ਸਾਡੇ ਸਾਹਮਣੇ ਪੇਸ਼ ਕੀਤਾ ਹੈ, ਤਾਂ ਜੋ ਕਿ ਪਾਠਕ ਇਸ ਨੂੰ ਪੜ੍ਹ ਕੇ ਮਨੁੱਖਤਾ ਵੱਲ ਵਧੇਰੇ ਕੇਂਦਰਿਤ ਹੋਣ। ਲੇਖਕ ਨੇ ਇਸ ਨਾਵਲ ਰਾਹੀਂ ਪਾਠਕਾ ਨੂੰ ਇਹ ਸੰਦੇਸ਼ ਦਿੱਤਾ ਹੈ ਕਿ ਮਨੁੱਖ ਦੇ ਜੀਵਨ ਵਿੱਚ ਭਾਵੇਂ ਕਿੰਨੀਆ ਵੀ ਮੁਸ਼ਕਿਲਾਂ ਆਉਣ ਪਰ ਉਨ੍ਹਾਂ ਵਿੱਚ

ਸੰਵੇਦਨਸ਼ੀਲਤਾ ਅਤੇ ਮਨੁੱਖੀ ਕਦਰਾਂ ਕਾਇਮ ਰਹਿਣੀਆ ਚਾਹੀਦੀਆ ਹਨ। ਇਸ ਨਾਵਲ ਵਿੱਚ ਕਿਦਾਰ ਅਜਿਹਾ ਹੀ ਪਾਤਰ ਹੈ, ਜਿਸ ਨੂੰ ਆਪ ਬੇਰੁਜ਼ਗਾਰ ਹੁੰਦੀਆ ਹੋਇਆ ਵੀ ਪੰਨਾ ਲਾਲ ਦੀ ਨੌਕਰੀ ਖੋਹਣ ਦਾ ਦੁੱਖ ਅੰਦਰੋ ਅੰਦਰ ਮਾਰ ਰਿਹਾ ਸੀ। ਉਹ ਇਸ ਦਾ ਕਸੂਰਵਾਰ ਆਪਦੇ ਆਪ ਨੂੰ ਹੀ ਮੰਨਦਾ ਰਹਿੰਦਾ ਹੈ।

ਇਸ ਤਰ੍ਹਾਂ ਨਾਨਕ ਸਿੰਘ ਦਾ ਨਾਵਲ 'ਪਵਿੱਤਰ ਪਾਪੀ' ਪੰਜਾਬੀ ਸਾਹਿਤ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ ਇਹ ਇੱਕ ਸਮਾਜਿਕ ਨਾਵਲ ਹੈ, ਜਿਸ ਵਿਚ ਉਨ੍ਹਾਂ ਨੇ ਨਿਮਨ ਮੱਧਵਰਗੀ ਜੀਵਨ ਦੇ ਬਹੁਪੱਖੀ ਸਰੂਪ ਨੂੰ ਯਥਾਰਥਵਾਦੀ ਢੰਗ ਨਾਲ ਪੇਸ਼ ਕੀਤਾ ਹੈ। ਇਸ ਨਾਵਲ ਵਿਚ ਲੇਖਕ ਨੇ ਆਰਥਿਕ, ਸਮਾਜਿਕ ਅਤੇ ਨੈਤਿਕ ਸਮੱਸਿਆਵਾਂ ਨੂੰ ਉਜਾਗਰ ਕੀਤਾ ਹੈ। ਨਾਨਕ ਸਿੰਘ ਦੂਜੇ ਦੌਰ ਦਾ ਮੁੱਖ ਨਾਵਲਕਾਰ ਹੈ। ਉਨ੍ਹਾਂ ਨੇ ਪੰਜਾਬੀ ਨਾਵਲ ਸਾਹਿਤ ਵਿੱਚ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਬਹੁਤ ਵੱਡੀ ਦੇਣ ਪੰਜਾਬੀ ਸਾਹਿਤ ਨੂੰ ਦਿੱਤੀ ਹੈ। ਇਸੇ ਕਰਕੇ ਉਨ੍ਹਾਂ ਨੂੰ ਪੰਜਾਬ ਅਤੇ ਪੰਜਾਬੀ ਸਾਹਿਤ ਤੋਂ ਬਾਹਰ ਵੀ ਇੱਕ ਪ੍ਰਸਿੱਧ ਨਾਵਲਕਾਰ ਦੇ ਤੌਰ ਤੇ ਜਾਣਿਆ ਜਾਂਦਾ ਹੈ। ਨਾਨਕ ਸਿੰਘ ਨੇ ਨਾਵਲਕਾਰੀ ਦੇ ਘੇਰੇ ਨੂੰ ਹੋਰ ਵੀ ਵਿਸ਼ਾਲ ਕੀਤਾ ਹੈ। ਉਨ੍ਹਾਂ ਦੇ ਨਾਵਲਾਂ ਵਿੱਚ ਹੀ ਪਿਆਰ ਦੀ ਗੱਲ ਸੱਭ ਤੋਂ ਪਹਿਲਾ ਕੀਤੀ ਗਈ ਹੈ। ਉਨ੍ਹਾਂ ਨੇ ਆਪਦੇ ਨਾਵਲਾਂ ਵਿੱਚ ਹੋਰ ਧਰਮਾਂ ਦੇ ਪਾਤਰਾਂ ਦਾ ਪ੍ਰਵੇਸ਼ ਕਰਵਾਉਣ ਵਿੱਚ ਪਹਿਲ ਕੀਤੀ ਹੈ। ਇਸੇ ਕਰਕੇ ਉਨ੍ਹਾਂ ਦੇ ਨਾਵਲ ਕਿਸੇ ਏਕ ਧਰਮ ਦੇ ਘੇਰੇ ਵਿੱਚ ਸੀਮਤ ਨਾ ਰਹਿ ਕੇ ਹੋਰ ਧਰਮਾਂ ਦੇ ਪਾਠਕਾਂ ਦੀ ਨਜ਼ਰਾਂ ਵਿੱਚ ਵੀ ਆਪਦੀ ਇਕ ਖ਼ਾਸ ਮੱਹਤਤਾ ਰਖਦੇ ਹਨ। ਇਹ ਵੀ ਇੱਕ ਮੁੱਖ ਕਾਰਣ ਹੈ ਕਿ ਉਨ੍ਹਾਂ ਦੇ ਨਾਵਲਾਂ ਨੂੰ ਹੋਰ ਧਰਮਾਂ ਦੇ ਪਾਠਕਾਂ ਵਲੋਂ ਬੜੀ ਹੀ ਰੋਚੱਕਤਾ ਨਾਲ ਪੜ੍ਹੇ ਜਾਂਦੇ ਹਨ।

ਨਾਨਕ ਸਿੰਘ ਦੇ ਨਾਵਲ 'ਪਵਿੱਤਰ ਪਾਪੀ' ਵਿੱਚ ਲੇਖ਼ਕ ਨੇ ਗ੍ਰਹਿਸਤ ਜੀਵਨ ਆਉਣ ਵਾਲਿਆਂ ਆਰਥਿੱਕ ਸਮੱਸਿਆਵਾਂ ਨੂੰ ਮੁੱਖ ਰੂਪ ਵਿੱਚ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਨਾਵਲ ਵਿੱਚ ਮਨੁੱਖ ਦੀ ਵਿਗੜੀ ਹੋਈ ਮਾਨਸਿਕ ਸਥਿੱਤੀ, ਬੇਰੁਜ਼ਗਾਰੀ, ਸਮਾਜਿਕ ਪਰੰਪਰਾਵਾਂ ਅਤੇ ਸਮਾਜਿਕ ਰੂੜੀਆਂ ਵਰਗੇ ਹੋਰ ਵੀ ਸਮਾਜ ਸੁਧਾਰਕ ਵਿਸ਼ੇ ਉਜਾਗਰ ਕੀਤੇ ਹਨ।

ਨਾਰੀ ਪਾਤਰਾ ਦਾ ਮਨੋਵਿਗਿਆਨਕ ਵਿਸ਼ਲੇਸ਼ਣ – ਨਾਵਲ ਵਿੱਚ ਹਰੇਕ ਨਾਰੀ ਪਾਤਰ ਦੇ ਜੀਵਨ ਦੇ ਨਾਲ-ਨਾਲ ਉਨ੍ਹਾਂ ਦੇ ਮਨੋਭਾਵਾਂ ਨੂੰ ਬੜੀ ਹੀ ਬਾਰੀਕੀ ਨਾਲ ਬਿਆਨ ਕੀਤਾ ਗਿਆ ਹੈ ਨਾਨਕ ਸਿੰਘ ਨੇ ਨਾਵਲ ਵਿੱਚ ਦਿਖਾਇਆ ਹੈ ਕਿ ਕਿਸ ਤਰਾਂ ਮੁਸੀਬਤ ਵਿਚ ਹੁੰਦੀਆ ਹੋਇਆ ਵੀ ਨਾਵਲ ਦੀ ਪਾਤਰ ਮਾਇਆ ਆਪਦੇ ਪਤੀ ਪੰਨਾ ਲਾਲ ਨੂੰ ਹੌਂਸਲਾ ਦਿੰਦੀ ਹੈ। ਉਹ ਨਾਰੀ ਹੁੰਦੀਆ ਹੋਇਆ ਵੀ ਘਬਰਾਉਂਦੀ ਨਹੀਂ, ਭਾਵੇਂ ਉਹ ਆਪਦੇ ਪਤੀ ਨਾਲੋ ਵੀ ਮਨ ਹੀ ਮਨ ਵਿਚ ਜਿਆਦਾ ਦੁੱਖੀ ਹੈ। ਉਹ ਪੰਨਾ ਲਾਲ ਦਾ ਧੀਰਜ ਬੰਧਾਉਂਦੀ ਹੈ, ਤੇ ਕਹਿੰਦੀ ਹੈ ਕਿ – " ਚਲੋ ਫੇਰ ਕੀ ਹੋਇਆ, ਇੱਕ ਦਰ ਬੱਧਾ ਸੌ ਦਰ ਖੁੱਲ੍ਹੇ। ਜਿੱਥੇ ਸਾਡੀ ਕੁੜੀ ਦੇ ਸੰਜੋਗ ਹੋਣਗੇ ਹੋ ਜਾਵੇਗਾ। ਧੀਆਂ ਵੀ ਕਦੇ ਕਿਸੇ ਦੀਆਂ ਬੈਠੀਆਂ ਰਹੀਆਂ ਨੇ।

ਇਸ ਤਰ੍ਹਾਂ ਨਾਨਕ ਸਿੰਘ ਨੇ ਨਾਵਲ ਵਿੱਚ ਨਾਰੀ ਪਾਤਰਾ ਨੂੰ ਭਾਵੁਕ ਨਹੀਂ ਸਗੋਂ ਸੰਘਰਸ਼ੀ ਪਾਤਰਾ ਦੇ ਰੂਪ ਵਿੱਚ ਦਿਖਾਇਆ ਹੈ। ਨਾਨਕ ਸਿੰਘ ਨੇ ਪਾਤਰਾ ਦੀਆਂ ਅੰਦਰੂਨੀ ਭਾਵਨਾਵਾਂ ਅਤੇ ਸੰਘਰਸ਼ ਦਾ ਯਥਾਰਥਵਾਦੀ ਅਤੇ ਪ੍ਰਭਾਵਸ਼ਾਲੀ ਚਿੱਤਰਣ ਪੇਸ਼ ਕੀਤਾ ਹੈ।

ਉਦੇਸ਼ – ਇਸ ਅਧਿਐਨ ਦਾ ਮੁੱਖ ਨਾਨਕ ਸਿੰਘ ਦੇ ਨਾਵਲ 'ਪਵਿੱਤਰ ਪਾਪੀ' ਵਿੱਚ ਨਿਮਨ ਮੱਧਵਰਗ ਦੇ ਸਮਾਜਿਕ ਯਥਾਰਥ ਦਾ ਵਿਸ਼ਲੇਸ਼ਣ ਕਰਨਾ ਹੈ। ਇਸ ਦੇ ਨਾਲ ਨਾਲ ਨਾਵਲ ਵਿੱਚ ਉੱਭਰਦੇ ਹੋਰ ਵਿਸ਼ੇ ਜਿਵੇਂ ਕਿ ਸਮਾਜਿਕ ਯਥਾਰਥ, ਮਨੁੱਖੀ ਮੁੱਲ, ਇਸਤਰੀ ਸੰਘਰਸ਼, ਸਮਾਜਿਕ ਪਰੰਪਰਾਵਾਂ ਅਤੇ ਰੁੜੀਆਂ ਵੀ ਖੋਜ ਪੱਤਰ ਦੇ ਚਰਚਿਤ ਵਿਸ਼ਿਆ ਵਿਚ ਰਹੇ ਹਨ। ਇਸ ਤੋਂ ਇਲਾਵਾ ਆਰਥਿਕ ਸੰਕਟ, ਪ੍ਰੇਮ ਸੰਬੰਧ ਅਤੇ ਬੇਰੁਜ਼ਗਾਰੀ ਵਰਗੇ ਵਿਸ਼ੇ ਮੁੱਖ ਰੂਪ ਵਿੱਚ ਪੇਸ਼ ਕੀਤੇ ਗਏ ਹਨ, ਪੂਰੇ ਨਾਵਲ ਨੂੰ ਅਸੀਂ ਇਨ੍ਹਾਂ ਵਿਸ਼ਿਆ ਵਿੱਚ ਘਿਰਿਆ ਹੋਇਆ ਦੇਖ਼ ਸੱਕਦੇ ਹਾਂ।

ਭਾਸ਼ਾ – ਨਾਨਕ ਸਿੰਘ ਦੇ ਨਾਵਲ ਵਿੱਚ ਪ੍ਰਭਾਵਸ਼ਾਲੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ। ਇਹ ਸਰਲ ਅਤੇ ਸਹਿਜ ਹੋਣ ਦੇ ਨਾਲ ਨਾਲ ਪ੍ਰਭਾਵਮਈ ਵੀ ਹੈ। ਨਾਨਕ ਸਿੰਘ ਨੇ ਪਾਤਰਾਂ ਦੇ ਸੰਵਾਦ ਨਾਲ ਇਸ ਵਿੱਚ ਰੌਚਕਤਾ ਅਤੇ ਉੱਤਸੁਕਤਾ ਵਰਗੇ ਗੁਣ ਸ਼ਾਮਿਲ ਕੀਤੇ ਹਨ। ਨਾਵਲ ਦੀ ਭਾਸ਼ਾ ਲੋਕ ਜੀਵਨ ਨਾਲ ਜੁੜੀ ਹੋਈ ਹੈ, ਜਿਸ ਨੂੰ ਪਾਠਕ  ਅਸਾਨੀ ਨਾਲ ਸਮੱਝ ਸੱਕਦੇ ਹਨ। ਲੇਖਕ ਨੇ ਆਪਦੀ ਭਾਸ਼ਾ ਸ਼ੈਲੀ ਵਿੱਚ 'ਅੰਨ੍ਹਾ ਕਿ ਭਾਲੇ ਦੋ ਅੱਖਾਂ' ਵਰਗੇ ਮੁਹਾਵਰਿਆਂ ਅਤੇ ਅਖਾਣਾਂ ਦੀ ਵਰਤੋਂ ਵੀ ਕੀਤੀ ਹੈ। ਜਿਸ ਨਾਲ ਨਾਵਲ ਵਿੱਚ ਕੁਦਰਤੀਪਣ ਦੇਖਣ ਨੂੰ ਮਿਲਦਾ ਹੈ। ਨਾਨਕ ਸਿੰਘ ਦੇ ਨਾਵਲ 'ਪਵਿੱਤਰ ਪਾਪੀ' ਦੀ ਭਾਸ਼ਾ ਸ਼ੈਲੀ ਨਾਵਲ ਦੇ ਸਮਜਿਕ ਯਥਾਰਥ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਵਿੱਚ ਸਹਾਇਕ ਸਿੱਧ ਹੋਈ ਹੈ।

ਨਿਸ਼ਕਰਸ਼ – ਅੰਤ ਇਹ ਸਪੱਸ਼ਟ ਹੁੰਦਾ ਹੈ ਕਿ ਨਾਨਕ ਸਿੰਘ ਦਾ ਨਾਵਲ 'ਪਵਿੱਤਰ ਪਾਪੀ' ਨਿਮਨ ਮੱਧਵਰਗ ਦੇ ਜੀਵਨ ਦਾ ਯਥਾਰਥਵਾਦੀ ਦ੍ਰਿਸ਼ ਪੇਸ਼ ਕਰਦਾ ਹੈ। ਲੇਖਕ ਨੇ ਨਿਮਨ ਮੱਧਵਰਗ ਵਿੱਚ ਆਉਣ ਵਾਲਿਆਂ ਆਰਥਿੱਕ ਤੰਗੀਆਂ, ਸਮਜਿਕ ਸਮੱਸਿਆਵਾਂ, ਪਰਿਵਾਰਿਕ ਸੰਘਰਸ਼ ਅਤੇ ਦੁਵਿਧਾਵਾਂ ਨੂੰ ਬੜੇ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ। ਨਾਵਲ ਦੀ ਭਾਸ਼ਾ ਸ਼ੈਲੀ ਨਾਵਲ ਨੂੰ ਹੋਰ ਵੀ ਵਧੇਰੇ ਪ੍ਰਭਾਵਸ਼ਾਲੀ ਬਨਾਉਣ ਵਿੱਚ ਸਹਾਇਕ ਸਿੱਧ ਹੋਈ ਹੈ। ਇਸ ਤੋਂ ਇਲਾਵਾ ਲੇਖ਼ਕ ਨੇ ਮਨੁੱਖਤਾਵਾਦੀ ਦ੍ਰਿਸ਼ਟੀਕੌਣ ਅਪਨਾਉਂਦੀਆਂ ਹੋਇਆ ਨਾਵਲ ਨੂੰ ਸੰਵੇਦਨਸ਼ੀਲ ਬਨਾਉਣ ਦਾ ਜਤਨ ਕੀਤਾ ਹੈ ਜਿਸ ਵਿੱਚ ਉਹ ਸਫ਼ਲ ਰਹੇ ਹਨ।

ਹਵਾਲੇ / ਟਿੱਪਣੀਆਂ – ਨਾਨਕ ਸਿੰਘ, ਪਵਿੱਤਰ ਪਾਪੀ, ਲੋਕ ਸਹਿਤ ਪ੍ਰਕਾਸ਼ਨ, ਅੰਮ੍ਰਿਤਸਰ।